## 1. Current Masking Guidelines




ਕੁਝ ਪਬਲਿਕ ਇਨਡੋਰ ਸਥਾਨਾਂ ਵਿੱਚ ਅਜੇ ਵੀ ਮਾਸਕ ਦੀ ਲੋੜ ਹੈ। ਇਹਨਾਂ ਵਿੱਚ ਸ਼ਾਮਲ ਹਨ:

→ ਪਬਲਿਕ ਟ੍ਰਾਂਸਪੋਰਟ ਜਿਸ ਵਿੱਚ ਰਾਈਡ ਸ਼ੇਅਰ ਵਾਹਨ, ਟੈਕਸੀਆਂ, ਮੋਟਰ ਕੋਚ ਅਤੇ ਸ਼ਟਲ ਸ਼ਾਮਲ ਹਨ।
→ ਕਿਸੇ ਵੀ ਨਿਰੰਤਰ ਦੇਖਭਾਲ ਸਹੂਲਤ(continuing care facility) ਵਿੱਚ ਕੰਮ ਕਰਨ ਜਾਂ ਉਥੇ ਵਿਜ਼ਿਟ ਕਰਨ ਅਤੇ ਨਾਲ ਹੀ ਏਐਚਐਸ ਅਤੇ ਉਨ੍ਹਾਂ ਨਾਲ ਕੌਂਟਰੈਕਟ ਵਿੱਚ ਸੇਵਾ ਪ੍ਰਦਾਤਾ ਸਹੂਲਤਾਂ ਸ਼ਾਮਿਲ ਹਨ।

ਨਗਰ ਪਾਲਿਕਾਵਾਂ ਅਤੇ ਬਿਜ਼ਨਸ ਆਪਣੀਆਂ ਮਾਸਕਿੰਗ ਲੋੜਾਂ ਨਿਰਧਾਰਤ ਕਰ ਸਕਦੇ ਹਨ ਜਿਵੇਂ ਕਿ ਸਟਾਫ ਅਤੇ/ਜਾਂ ਗਾਹਕਾਂ ਨੂੰ ਕਾਰੋਬਾਰ ਦੇ ਸਥਾਨ ਦੇ ਅੰਦਰ ਮਾਸਕ ਪਹਿਨਣ ਦੀ ਲੋੜ ਹੋ ਸਕਦੀ ਹੈ।

ਹਾਲਾਂਕਿ ਬਹੁਤੀਆਂ ਸਥਿਤੀਆਂ ਵਿੱਚ ਹੁਣ ਮਾਸਕ ਦੀ ਲੋੜ ਨਹੀਂ ਪਰੰਤੂ ਮਾਸਕ ਪਹਿਨਣ ਦੇ ਇੱਛੁਕ ਲੋਕਾਂ ਦਾ ਸਮਰਥਨ ਜਰੂਰੀ ਹੈ।
ਹੋਰ ਜਾਣੋ : https://www.alberta.ca/covid-19-public-health-actions.aspx

## 2. Stars of Alberta Volunteer Awards




ਇਸ ਸਾਲ ਦੇ ਸਟਾਰਜ਼ ਆਫ਼ ਅਲਬਰਟਾ ਵਲੰਟੀਅਰ ਅਵਾਰਡ ਲਈ ਨਾਮਜ਼ਦਗੀਆਂ 15 ਸਤੰਬਰ ਤੱਕ ਖੁੱਲੀਆਂ ਹਨ। ਇਹ ਐਵਾਰਡ ਕਮਿਊਨੀਟੀਜ਼ ਵਿੱਚ ਸਥਾਈ ਪ੍ਰਭਾਵ ਪਾਉਣ ਵਾਲਿਆਂ ਦਾ ਸਨਮਾਨ ਕਰਦੇ ਹਨ।

ਹੇਠ ਲਿਖੀਆਂ ਸ਼੍ਰੇਣੀਆਂ ਵਿੱਚੋਂ ਹਰੇਕ ਵਿੱਚ ਦੋ ਪੁਰਸਕਾਰ ਦਿੱਤੇ ਜਾਂਦੇ ਹਨ:

- ਨੌਜਵਾਨ (24 ਸਾਲ ਦੀ ਉਮਰ ਤੱਕ)
- ਬਾਲਗ(ਐਡਲਟ)
- ਸੀਨੀਅਰ

ਬ੍ਰੇਕਿੰਗ ਬੈਰੀਅਰਜ਼(ਰੁਕਾਵਟਾਂ ਹਟਾਉਣੀਆਂ) ਸ਼੍ਰੇਣੀ ਅਸਧਾਰਣ ਵਲੰਟੀਅਰਾਂ ਨੂੰ ਸਨਮਾਨਿਤ ਕਰਦੀ ਹੈ ਜੋ ਵਿਭਿੰਨ ਅਤੇ ਰਲੇ ਮਿਲੇ ਭਾਈਚਾਰੇ ਬਣਾਉਣ ਲਈ ਕੰਮ ਕਰ ਰਹੇ ਹਨ। ਇਸ ਸ਼੍ਰੇਣੀ ਵਿੱਚ ਤਿੰਨ ਪੁਰਸਕਾਰ ਉਨ੍ਹਾਂ ਲੋਕਾਂ ਨੂੰ ਦਿੱਤੇ ਜਾਂਦੇ ਹਨ ਜੋ ਨਸਲਵਾਦ, **LGBTQ2S+** ਭਾਈਚਾਰੇ ਦੀ ਸ਼ਮੂਲੀਅਤ ਕਰਨ ਅਤੇ ਲਿੰਗ ਅਧਾਰਿਤ ਪੱਖਪਾਤ ਪ੍ਰਤੀ ਲੜਨ ਦੀ ਵਕਾਲਤ ਕਰ ਰਹੇ ਹਨ।
ਨੌਮੀਨੇਸ਼ਨ ਭਰਨ ਬਾਰੇ ਹੋਰ ਜਾਣਕਾਰੀ ਇੱਥੋਂ ਲਓ : https://www.alberta.ca/stars-of-alberta-volunteer-awards...